## ਸ੍ਰੀਮਤੀ ਸ਼ਹਿਨਾਜ਼

## ਸਹਾਇਕ ਧੰਦਿਆਂ ਪ੍ਰਤੀ ਨਿਵੇਕਲੀ ਸੋਚ ਦੀ ਮਾਲਕਣ

ਅੱਜਕੱਲ੍ਹ ਦੇ ਮਹਿੰਗਾਈ ਦੇ ਦੌਰ ਵਿੱਚ ਔਰਤ ਦਾ ਪੜ੍ਹਿਆ ਲਿਖਿਆ ਅਤੇ ਆਪਣੇ ਪੈਰਾਂ ਤੇ ਖੜ੍ਹਾ ਹੋਣਾ ਅਤਿਅੰਤ ਲਾਜ਼ਮੀ ਹੈ, ਕਿਉਂਕਿ ਪੜ੍ਹੀ ਲਿਖੀ ਔਰਤ ਹੀ ਪਰਿਵਾਰ ਦੇ ਆਰਥਿਕ ਪੱਧਰ ਨੂੰ ਉੱਚਾ ਚੁੱਕਣ ਤੋਂ ਇਲਾਵਾ ਨਿਰੋਗ ਸਮਾਜ ਸਿਰਜਣ ਵਿੱਚ ਆਪਣੀ ਅਹਿਮ ਭੂਮਿਕਾ ਨਿਭਾਉਣ ਦੇ ਕਾਬਿਲ ਹੁੰਦੀ ਹੈ। ਇਸ ਕਥਨ ਤੇ ਖਰਾ ਉਤਰਦੀ ਹੈ ਬਠਿੰਡੇ ਸ਼ਹਿਰ ਦੀ ਸ਼ਹਿਨਾਜ਼ ਜਿਸ ਨੇ ਵਿਆਹ ਤੋਂ ਪਹਿਲਾਂ ਦਸਵੀਂ ਪਾਸ ਕੀਤੀ ਸੀ ਅਤੇ ਵਿਆਹ ਤੋਂ ਬਾਅਦ ਘਰੇਲੂ ਜ਼ਿੰਮੇਵਾਰੀਆਂ ਨਿਭਾਉਣ ਤੋਂ ਇਲਾਵਾ ਆਪਣੀ ਪੜ੍ਹਾਈ ਨੂੰ ਜ਼ਾਰੀ ਰੱਖਿਆ। ਉਨ੍ਹਾਂ ਨੇ ਗਰੈਜੂਏਸ਼ਨ ਤੋਂ ਇਲਾਵਾ ਬੀ.ਐੱਡ, ਐਮ. ਏ. ਅਤੇ ਐਮ. ਐਸ. ਸੀ (ਫੈਸ਼ਨ ਡਿਜ਼ਾਇਨਿੰਗ) ਦੀ ਵਿਦਿਆ ਹਾਸਲ ਕੀਤੀ। ਉਨ੍ਹਾਂ ਦੇ ਮਾਤਾ-ਪਿਤਾ ਸਿਹਤ ਪੱਖੋਂ ਠੀਕ ਨਹੀਂ ਸਨ। ਉਨ੍ਹਾਂ ਦੇ ਮਾਤਾ ਜੀ ਗਠੀਏ ਦੇ ਮਰੀਜ਼ ਸਨ ਅਤੇ ਪਿਤਾ ਜੀ ਸ਼ੂਗਰ ਦੀ ਬਿਮਾਰੀ ਤੋਂ ਇਲਾਵਾ ਗੁਰਦੇ ਦੀ ਬਿਮਾਰੀ ਤੋਂ ਪ੍ਰੇਸ਼ਾਨ ਸਨ, ਪ੍ਰੰਤੂ ਸ਼ਹਿਨਾਜ਼ ਨੇ ਇਹ ਮਹਿਸੂਸ ਕੀਤਾ ਕਿ ਜੇਕਰ ਬਿਮਾਰੀ ਲੱਗਣ ਦਾ ਕਾਰਨ ਭੋਜਨ ਹੋ ਸਕਦਾ ਹੈ ਤਾਂ ਬਿਮਾਰੀ ਨੂੰ ਠੀਕ ਕਰਨ ਲਈ ਸਹੀ ਭੋਜਨ ਸਹਾਈ ਹੁੰਦਾ ਹੈ। ਇਸ ਸੋਚ ਨਾਲ ਉਨ੍ਹਾਂ ਨੇ ਆਪਣੇ ਪਿਤਾ ਜੀ ਨੂੰ ਬਿਮਾਰੀ ਸੰਬੰਧਤ ਸਹੀ ਭੋਜਨ ਦੇਣਾ ਸ਼ੁਰੂ ਕੀਤਾ, ਜਿਸ ਸਦਕਾ ਉਨ੍ਹਾਂ ਦੇ ਪਿਤਾ ਜੀ ਦੇ ਗੁਰਦਿਆਂ ਵਿੱਚ ਕਰੈਟੀਨਾਇਨ ਦੀ ਮਾਤਰਾ ਕਾਫ਼ੀ ਘਟੀ ਅਤੇ ਉਹ ਡੇਢ ਸਾਲ ਬਾਅਦ ਤੁਰਨ ਦੇ ਕਾਬਲ ਹੋ ਸਕੇ। ਪਿਤਾ ਜੀ ਦੇ ਬਿਮਾਰੀ ਤੋਂ ਨਿਜ਼ਾਤ ਪਾਉਣ ਤੋਂ ਬਾਅਦ ਸ਼ਹਿਨਾਜ਼ ਨੇ ਆਪਣਾ ਪੂਰਾ ਧਿਆਨ ਭੋਜਨ ਵਿੱਚ ਸਹੀ ਬਦਲਾਵ ਲਿਆਉਣ ਵੱਲ ਕਰਨਾ ਸ਼ੁਰੂ ਕੀਤਾ। ਇਸ ਲਈ ਉਹ ਕ੍ਰਿਸ਼ੀ ਵਿਗਿਆਨ ਕੇਂਦਰ ਅਤੇ ਫਾਰਮ ਸਲਾਹਕਾਰ ਕੇਂਦਰ, ਬਠਿੰਡਾ ਦੇ ਮਾਹਿਰਾਂ ਨਾਲ ਸੰਨ 2012 ਤੋਂ ਜੁੜੇ ਹਨ ਅਤੇ ਲਗਾਤਾਰ ਤਕਨੀਕੀ ਖੇਤੀ ਕਰਨ ਲਈ ਸਲਾਹ ਮਸ਼ਵਰਾ ਲੈਂਦੇ ਰਹਿੰਦੇ ਹਨ। ਉਨ੍ਹਾਂ ਨੇ ਅਤੇ ਉਨ੍ਹਾਂ ਦੇ ਪਰਿਵਾਰ ਨੇ ਕ੍ਰਿਸ਼ੀ



ਵਿਗਿਆਨ ਕੇਂਦਰ, ਬਠਿੰਡਾ ਤੋਂ ਮਧੂ ਮੱਖੀ ਪਾਲਣ ਦੀ ਸਿਖਲਾਈ ਲਈ। ਸਿਖਲਾਈ ਲੈਣ ਉਪਰੰਤ ਉਨ੍ਹਾਂ ਨੇ ਅਤੇ ਉਨ੍ਹਾਂ ਦੇ ਪਤੀ ਨੇ ਮੱਖੀਆਂ ਦੇ 300 ਬਕਸਿਆਂ ਨਾਲ ਮਧੂ-ਮੱਖੀ ਪਾਲਣ ਦਾ ਕੰਮ ਸ਼ੁਰੂ ਕੀਤਾ । ਉਹ ਦੱਸਦੇ ਹਨ ਕਿ ਉਨ੍ਹਾਂ ਦੇ ਪਤੀ ਮਧੂ-ਮੱਖੀ ਪਾਲਣ ਦਾ ਕੰਮ ਸੰਭਾਲਦੇ ਹਨ ਅਤੇ ਉਹ ਸ਼ਹਿਦ ਦਾ ਮੰਡੀਕਰਨ ਕਰਦੇ ਹਨ। ਉਹ ਸ਼ਹਿਦ ਦੀ ਕੀਮਤ ਵਿੱਚ ਵਾਧਾ ਕਰਨ ਲਈ ਸ਼ਹਿਦ ਦਾ ਫੇਸ ਪੈਕ ਫੇਸ ਪੈਕ ਅਤੇ ਬਾਡੀ ਸਕਰੱਬ ਬਣਾ ਕੇ ਚੰਗੇ ਮੁੱਲ ਤੇ ਵੇਚਦੇ ਹਨ। ਉਹ ਬਾਡੀ ਸਕਰੱਬ ਵਿੱਚ ਖੁਰਮਾਨੀਆਂ ਦੇ ਬੀਜਾਂ ਦੀ ਖੱਲ ਪਾ ਕੇ ਵੇਚਦੇ ਹਨ, ਜੋ ਕਿ ਗਾਹਕਾਂ ਵੱਲੋਂ ਬਹੁਤ ਪਸੰਦ ਕੀਤਾ ਜਾਂਦਾ ਹੈ।

ਮਧੂ ਮੱਖੀ ਪਾਲਣ ਦੀ ਸਿਖਲਾਈ ਤੋਂ ਇਲਾਵਾ ਉਨ੍ਹਾਂ ਨੇ ਸੰਨ 2014 ਵਿੱਚ ਕ੍ਰਿਸ਼ੀ ਵਿਗਿਆਨ ਕੇਂਦਰ, ਬਠਿੰਡਾ ਤੋਂ ਫ਼ਲ ਅਤੇ ਸਬਜ਼ੀਆਂ ਦੀ ਸਿਖਲਾਈ ਅਤੇ ਨੈੱਟ ਕਾਉਮ ਬਠਿੰਡਾ ਤੋਂ ਫੂਡ ਪ੍ਰੋਸੈਸਿੰਗ ਦੀ ਸਿਖਲਾਈ ਲੈ ਕੇ ਅਚਾਰ, ਚੱਟਣੀ ਅਤੇ ਮੁਰੱਬਾ ਬਣਾ ਕੇ ਵੇਚਣਾ ਸ਼ੁਰੂ ਕੀਤਾ। ਉਹ ਵੱਖ-ਵੱਖ ਪ੍ਰਕਾਰ ਦੇ ਜਿਵੇਂ ਕਿ ਅੰਬ, ਨਿੰਬੂ, ਮੇਥੇ, ਲਸਣ, ਮਿਰਚ, ਹਲਦੀ ਆਦਿ ਹਰੇਕ ਦਾ ਅਚਾਰ ਲਗਭਗ 4 ਕੁਇੰਟਲ ਦਾ ਬਣਾ ਕੇ ਵੇਚਦੇ ਹਨ। ਇਸ ਤੋਂ ਇਲਾਵਾ ਉਹ ਅੰਬ, ਸੇਬ, ਆਂਵਲਾ ਦੀ ਚਟਨੀ ਅਤੇ ਜੈਮ ਵੀ ਬਣਾਉਂਦੇ ਹਨ ਅਤੇ ਲੱਖਾਂ ਦੇ ਹਿਸਾਬ ਨਾਲ ਮੁਨਾਫ਼ਾ ਖੱਟ ਰਹੇ ਹਨ । ਉਨ੍ਹਾਂ ਵੱਲੋਂ ਤਿਆਰ ਕੀਤਾ ਜਾਂਦਾ ਪੁੰਗਰੇ ਮੇਥਿਆਂ ਦਾ ਅਚਾਰ ਗਾਹਕਾਂ ਵੱਲੋਂ ਬਹੁਤ ਪਸੰਦ ਕੀਤਾ ਜਾਂਦਾ ਹੈ। ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੇ ਬਠਿੰਡਾ, ਫਰੀਦਕੋਟ ਅਤੇ ਲੁਧਿਆਣਾ ਜ਼ਿਲ੍ਹਿਆਂ ਵਿੱਚ ਲੱਗਦੇ ਕਿਸਾਨ ਮੇਲਿਆਂ ਵਿੱਚ ਕਾਫ਼ੀ ਉਤਸ਼ਾਹ ਨਾਲ ਗਾਹਕਾਂ ਨੇ ਪੁੰਗਰੇ ਮੇਥੇ ਦੇ ਆਚਾਰ ਨੂੰ ਖ਼੍ਰੀਦਿਆ, ਕਿਉਂਕਿ ਮੇਥੇ ਦੇ ਅਚਾਰ ਵਿੱਚ ਸ਼ੂਗਰ ਅਤੇ ਕਲੱਸਟਰੋਲ ਨੂੰ ਕੰਟਰੋਲ ਕਰਨ ਦੇ ਗੁਣ ਸ਼ਾਮਲ ਹਨ। ਉਹ ਫ਼ਲਾਂ ਦੇ ਸੁਕੈਸ਼, ਦਾਲ ਦੀਆਂ ਵੜੀਆਂ ਅਤੇ ਸਬਜ਼ੀ ਵਾਲੇ ਪਕੌੜੇ



(ਵੇਸਣ) ਵੀ ਤਿਆਰ ਕਰਦੇ ਹਨ । ਹੁਣ ਉਹ ਬਜ਼ਾਰ ਤੋਂ ਛੋਲੇ ਖਰੀਦ ਕੇ ਖੁਦ ਆਟਾ

ਪੀਸਾ ਕੇ ਵੇਸਣ ਦੇ ਪਕੌੜੇ ਬਣਾ ਕੇ ਵੇਚਦੇ ਹਨ, ਕਿਉਂਕਿ ਉਹ ਜਾਣਦੇ ਹਨ ਕਿ ਬਜ਼ਾਰ ਦੀ ਸਮੱਗਰੀ ਖਰੀਦ ਦੇ ਵਰਤਣ ਨਾਲੋਂ ਹੱਥੀਂ ਤਿਆਰ ਕਰਕੇ ਵਰਤਣਾ ਸ਼ੁੱਧਤਾ ਦਾ ਪ੍ਰਮਾਣ ਹੈ। ਉਹ ਛੋਲਿਆਂ ਦੇ ਆਟੇ ਦੇ ਪਕੌੜਿਆਂ ਨੂੰ 150 ਰੁ: ਪ੍ਰਤੀ ਕਿਲੋ ਦੇ ਹਿਸਾਬ ਨਾਲ ਵੇਚਦੇ ਹਨ। ਉਹ ਆਪਣੇ ਤਿਆਰ ਕੀਤੇ ਪਦਾਰਥਾਂ ਦੀ ਗੁਣਵੱਤਾ ਤੇ ਜ਼ੋਰ ਦਿੰਦੇ ਹਨ ਤਾਂ ਜੋ ਗਾਹਕਾਂ ਦੀ ਚੰਗੀ ਸਿਹਤ ਬਰਕਰਾਰ ਰਹੇ। ਉਹ ਆਪਣੇ ਅਚਾਰ ਅਤੇ ਚਟਨੀਆਂ ਵਿੱਚ ਸਸਤਾ ਸਿਰਕਾ ਵਰਤਣ ਦੀ ਥਾਂ ਤੇ ਸੇਬ ਦਾ ਸਿਰਕਾ ਵਰਤਦੇ ਹਨ ਜੋ ਕਿ ਸਿਹਤ ਤੇ ਕੋਈ ਮਾੜਾ ਅਸਰ ਨਹੀਂ ਪਾਉਂਦਾ । ਉਨ੍ਹਾਂ ਨੇ ਸੰਨ 2016 ਵਿੱਚ ਸਿਰਕਾ ਬਨਾਉਣ ਦੀ ਸਿਖਲਾਈ ਵੀ ਹਾਸਲ ਕੀਤੀ ਹੈ ਅਤੇ ਭਵਿੱਖ ਵਿੱਚ ਉਨ੍ਹਾਂ ਦਾ ਖੁਦ ਸਿਰਕਾ ਤਿਆਰ ਕਰਨ ਦਾ ਵਿਚਾਰ ਹੈ।

ਉਨ੍ਹਾਂ ਨੇ ਸੰਨ 2014 ਵਿੱਚ ਫਾਰਮਰਜ਼ ਸੈਲਫ ਹੈਲਪ ਗਰੁੱਪ ਅਤੇ ਵੈਲਫੇਅਰ ਗਰੁੱਪ ਪਿੰਡ ਮਹਿਮਾ ਸਿਰਜਾ ਵਿੱਚ ਬਣਾਇਆ। ਉਹ ਪਿੰਡਾਂ ਵਿੱਚ ਬਣੇ ਹੋਏ ਸੈਲਫ ਹੈਲਪ ਗਰੁੱਪਾਂ ਤੋਂ ਬਣਿਆ ਹੋਇਆ ਸਮਾਨ ਖਰੀਦ ਕੇ ਵੇਚਦੇ ਹਨ, ਜਿਸ ਨਾਲ ਗਰੁੱਪ ਵਾਲੇ ਮੈਂਬਰਾਂ ਨੂੰ ਕਾਫ਼ੀ ਫਾਇਦਾ ਹੋ ਰਿਹਾ ਹੈ। ਸੰਨ 2015 ਵਿੱਚ ਉਨ੍ਹਾਂ ਨੇ ਫਰੈਸ਼ ਹਬ ਫ਼ਰਮ ਬਣਾਈ, ਜਿਸ ਦੇ ਰਾਹੀਂ ਉਹ ਆਪਣੇ ਤਿਆਰ ਕੀਤੇ ਪਦਾਰਥਾਂ ਨੂੰ ਵੇਚਦੇ ਹਨ। ਉਹ ਸਾਰੇ ਸਮਾਨ ਦੀ ਪੈਕਿੰਗ ਜ਼ਿਆਦਾਤਰ ਕੀਟਾਣੂ ਰਹਿਤ ਸ਼ੀਸ਼ੀਆਂ ਵਿੱਚ ਕਰਦੇ ਹਨ ਅਤੇ ਖੁਦ ਮੰਡੀਕਰਨ ਕਰਕੇ 10 ਲੱਖ ਤੋਂ ਵੱਧ ਆਮਦਨ ਕਮਾ ਰਹੇ ਹਨ।




ਉਹ ਮੋਬਾਇਲ ਦੀ ਆਧੁਨਿਕ ਤਕਨੀਕ ਵਟਸ ਐੱਪ ਰਾਹੀਂ ਕਿਸਾਨਾਂ ਨਾਲ ਰਾਬਤਾ ਰੱਖਦੇ ਹਨ, ਜਿਸ ਦੇ ਰਾਹੀਂ ਬਿਨਾਂ ਸਪਰੇਅ ਤੋਂ ਤਿਆਰ ਕੀਤੀਆਂ ਸਬਜ਼ੀਆਂ

ਖਰੀਦਦੇ ਹਨ । ਉਹ ਇਕੱਲੇ ਪਦਾਰਥ ਬਣਾ ਕੇ ਹੀ ਨਹੀਂ ਵੇਚਦੇ ਸਗੋਂ ਆਪਣੇ ਵੱਲੋਂ ਅਪਣਾਈਆਂ ਤਕਨੀਕਾਂ ਨੂੰ ਇਲਾਕੇ ਅਤੇ ਪੰਜਾਬ ਭਰ ਦੀਆਂ ਕਿਸਾਨ ਬੀਬੀਆਂ ਤੱਕ ਪਹੁੰਚਾ ਰਹੇ ਹਨ ਤਾਂ ਕਿ ਪਰਿਵਾਰਾਂ ਦੀ ਸਿਹਤ ਨੂੰ ਨਰੋਆ ਰੱਖਿਆ ਜਾ ਸਕੇ ਅਤੇ ਸਹਾਇਕ ਧੰਦਿਆਂ ਦੇ ਨਾਲ-ਨਾਲ ਪਰਿਵਾਰਕ ਕਮਾਈ ਵਿੱਚ ਵਾਧਾ ਕੀਤਾ ਜਾ ਸਕੇ। ਉਹ ਕਿਸਾਨ ਸਿਖਲਾਈ ਕੈਂਪਾਂ, ਵਿਚਾਰ ਗੋਸ਼ਟੀਆਂ ਅਤੇ ਇਕੱਤ੍ਰਤਾਵਾਂ ਵਿੱਚ ਕਿਸਾਨ ਬੀਬੀਆਂ ਨੂੰ ਅਚਾਰ, ਚਟਨੀਆਂ ਅਤੇ ਮੁਰੱਬੇ ਬਨਾਉਣ ਬਾਰੇ ਸਿਖਲਾਈ ਦਿੰਦੇ ਹਨ । ਇਸ ਤੋਂ ਇਲਾਵਾ ਟੀ.ਵੀ., ਰੇਡੀਓ ਅਤੇ ਅਖ਼ਬਾਰਾਂ ਰਾਹੀਂ ਵੀ ਕਿਸਾਨ ਬੀਬੀਆਂ ਨੂੰ ਸਹਾਇਕ ਧੰਦਿਆਂ ਦੀ ਜਾਣਕਾਰੀ ਦੇ ਚੁੱਕੇ ਹਨ ।

ਸੰਨ 2016 ਵਿੱਚ ਉਨ੍ਹਾਂ ਨੇ ਟਿਫਨ ਸਰਵਿਸ ਦਾ ਕੰਮ ਸ਼ੁਰੂ ਕੀਤਾ ਹੈ। ਉਨ੍ਹਾਂ ਨੇ ਖਾਣਾ ਤਿਆਰ ਕਰਨ ਲਈ ਤਿੰਨ ਕਾਮੇ ਰੱਖੇ ਹੋਏ ਹਨ, ਉਹ ਕਾਲਜਾਂ ਵਿੱਚ ਪੜ੍ਹਦੇ ਵਿਦਿਆਰਥੀਆਂ ਨੂੰ ਖਾਣਾ ਸਪਲਾਈ ਕਰਦੇ ਹਨ । ਉਨ੍ਹਾਂ ਨੇ ਲਗਭਗ 35 ਟਿਫਨ ਤੋਂ ਕੰਮ ਸ਼ੁਰੂ ਕੀਤਾ ਹੈ ਅਤੇ ਪੰਜਾਹ ਰੁ: ਪ੍ਰਤੀ ਟਿਫਨ ਲੈ ਰਹੇ ਹਨ। ਉਨ੍ਹਾਂ ਦੇ ਕਸ਼ਮੀਰ ਵਿੱਚ ਪੈਂਦੇ ਬਾਰਾਮੁਲਾ ਜ਼ਿਲ੍ਹੇ ਵਿੱਚ ਦੋ ਕਿੱਲੇ ਦਾ ਸੇਬਾਂ ਦਾ ਬਾਗ ਵੀ ਹੈ। ਬਾਗ ਨੂੰ ਸਿਰਫ਼ ਮੀਂਹ ਦੇ ਪਾਣੀ ਨਾਲ ਹੀ ਸਿੰਜਿਆ ਜਾਂਦਾ ਹੈ। ਉਨ੍ਹਾਂ ਦੇ ਬਾਗ ਵਿੱਚ ਸਿਰਫ਼ ਭੇਡਾਂ, ਬੱਕਰੀਆਂ ਦੀ ਰੂੜੀ ਅਤੇ ਜੈਵਿਕ ਖਾਦ ਦੀ ਹੀ ਵਰਤੋਂ ਕੀਤੀ ਜਾਂਦੀ ਹੈ। ਇਸ ਤੋਂ ਇਲਾਵਾ ਸਾਰੇ ਖੇਤ ਵਿੱਚ ਵਾਰੀ ਸਿਰ ਦੇਸੀ ਰੂੜੀ ਪਾਈ ਜਾਂਦੀ ਹੈ। ਇਹ ਵਿਧੀਆਂ ਅਪਣਾ ਕੇ ਉਹ ਆਪਣੀ ਜ਼ਮੀਨ ਦੀ ਸੰਭਾਲ ਕਰਨ ਦੇ ਨਾਲ-ਨਾਲ ਬਾਗ ਤੋਂ ਵੱਧ ਝਾੜ ਵੀ ਲੈ ਰਹੇ ਹਨ।

ਸਹਾਇਕ ਧੰਦਿਆਂ ਪ੍ਰਤੀ ਸ਼ਲਾਘਾਯੋਗ ਉੱਦਮ ਸਦਕਾ ਉਨ੍ਹਾਂ ਨੂੰ ਫੂਡ ਪ੍ਰੋਸੈਸਿੰਗ ਮੰਤਰਾਲਾ ਵੱਲੋਂ ਜ਼ਿਲ੍ਹਾ ਮੁਕਤਸਰ ਸਾਹਿਬ ਵਿਖੇ ਮਾਰਚ, 2015 ਵਿੱਚ ਸਨਮਾਨਿਤ ਕੀਤਾ ਗਿਆ। ਇਸ ਤੋਂ ਇਲਾਵਾ ਸੰਨ 2015 ਵਿੱਚ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਵੱਲੋਂ ਜਗਬੀਰ ਕੌਰ ਗਰੇਵਾਲ ਯਾਦਗਾਰੀ ਪੁਰਸਕਾਰ ਨਾਲ ਵੀ ਸਨਮਾਨਿਤ ਕੀਤਾ ਗਿਆ। ਸਾਨੂੰ ਆਸ ਹੈ ਕਿ ਆਪਣੀ ਉਸਾਰੂ ਸੋਚ ਸਦਕਾ ਉਹ ਆਪਣੀ ਅਗਲੇਰੀ ਜ਼ਿੰਦਗੀ ਵਿੱਚ ਨਵੀਆਂ ਪੁਲਾਘਾਂ ਪੁੱਟਣਗੇ।